Milton Fire & Rescue Services
610 Savoline Blvd.
Milton, ON L9T 0N3

905-878-9251
MiltonFire.ca

Punjabi / ਪੰਜਾਬੀ

# ਅੱਗ ਤੋਂ ਹਿਫਾਜ਼ਤ ਲਈ ਨੁਕਤੇ

### ਹੇਠ ਦੱਸੀਆਂ ਥਾਵਾਂ ਵਿਖੇ ਧੂੰਏ ਅਤੇ ਕਾਰਬਨ ਮੋਨੋਕਸਾਈਡ ਦੇ ਅਲਾਰਮ ਲਾਉਣਾ ਲਾਜ਼ਮੀ ਹੈ:

- ਤੁਹਾਡੇ ਘਰ ਦੀ ਹਰ ਮੰਜ਼ਿਲ ਉੱਤੇ
- ਸੌਣ ਵਾਲੀਆਂ ਸਭਨਾਂ ਥਾਵਾਂ ਦੇ ਬਾਹਰ

### ਜ਼ਰੂਰੀ ਨੁਕਤੇ:

- ਧੂੰਏਂ ਵਾਲੇ ਆਪਣੇ ਅਲਾਰਮਾਂ ਨੂੰ ਹਰ ਮਹੀਨੇ ਪਰਖੋ
- ਮਿਆਦ ਪੁੱਗਣ ਦੀ ਮਿਤੀ ਵੇਖੋ ਜਾਂ ਹਰ 10 ਸਾਲ ਬਾਅਦ ਬਦਲ ਦਿਓ
- ਅਲਾਰਮਾਂ ਦੀਆਂ ਬੈਟਰੀਆਂ ਹਰ ਸਾਲ ਬਦਲੋ
- ਇਹ ਜਾਂਚੋ ਕਿ ਕੀ ਬਾਹਰ ਖੁੱਲ੍ਹਣ ਵਾਲੇ ਝਰੋਖੇ ਜਾਂ ਚਿਮਨੀਆਂ ਦਾ ਰਾਹ ਬੰਦ ਤਾਂ ਨਹੀਂ ਹੈ
- ਆਪਣੇ ਘਰ ਵਿੱਚ ਤੇਲ ਨਾਲ ਚੱਲਣ ਵਾਲੇ ਸਾਰੇ ਉਪਕਰਣਾਂ ਦਾ ਸਾਲਾਨਾ ਮੁਆਇਨਾ ਕਰਾਓ

### ਕਾਰਬਨ ਮੋਨੋਕਸਾਈਡ ਕੀ ਹੁੰਦੀ ਹੈ?

“ਚੁਪ-ਚੁਪੀਤਾ ਕਾਤਲ” ਕਹੀ ਜਾਣ ਵਾਲੀ ਕਾਰਬਨ ਮੋਨੋਕਸਾਈਡ ਇੱਕ ਅਦਿੱਖ, ਮੁਸ਼ਕ-ਰਹਿਤ, ਤੇ ਰੰਗ-ਹੀਣ ਗੈਸ ਹੁੰਦੀ ਹੈ।

# ਅੱਗ ਤੋਂ ਹਿਫਾਜ਼ਤ ਲਈ ਸੂਚੀ:

## ਆਪਣੇ ਆਪ ਅਤੇ ਆਪਣੇ ਪਿਆਰਿਆਂ ਨੂੰ ਬਚਾਉਣ ਦਾ ਸਭ ਤੋਂ ਚੰਗਾ ਤਰੀਕਾ ਹੈ ਤਿਆਰ ਰਹਿਣਾ।

### ਇਹ ਯਕੀਨੀ ਬਣਾਉਣ ਲਈ ਕਿ ਤੁਹਾਡਾ ਘਰ ਖ਼ਤਰੇ ਤੋਂ ਰਹਿਤ ਹੋਵੇ, ਹੇਠ ਲਿਖੀ ਸੂਚੀ ਦੀ ਵਰਤੋਂ ਕਰੋ।

| | | |
|---|---|---|
| ਧੂੰਏ ਦੇ ਅਲਾਰਮ ਪਰਖਣਾ ਅਤੇ ਉਨ੍ਹਾਂ ਦੀ ਮਿਆਦ ਪੁੱਗਣ ਦੀ ਮਿਤੀ ਵੇਖਣਾ | ਹਾਂ | ਨਾਂਹ |
| ਇਹ ਪੱਕਾ ਕਰਨਾ ਕਿ ਕਾਰਬਨ ਮੋਨੋਕਸਾਈਡ ਅਲਾਰਮ ਸੌਣ ਵਾਲੀਆਂ ਸਭ ਥਾਵਾਂ ਦੇ ਬਾਹਰ ਲੱਗੇ ਹੋਣ | ਹਾਂ | ਨਾਂਹ |
| ਹਰ ਕਮਰੇ ਵਿੱਚੋਂ ਬਚ ਨਿੱਲਣ ਲਈ ਘੱਟੋ-ਘੱਟ ਦੋ ਸਪਸ਼ਟ ਰਾਹਾਂ ਦੀ ਸ਼ਨਾਖਤ ਕਰਨਾ | ਹਾਂ | ਨਾਂਹ |
| ਪਰਿਵਾਰ ਵੱਲੋਂ ਬਚ ਕੇ ਨਿੱਕਲਣ ਵਾਸਤੇ ਇੱਕ ਯੋਜਨਾ ਬਣਾ ਕੇ ਉਸਦਾ ਅਭਿਆਸ ਕਰਨਾ | ਹਾਂ | ਨਾਂਹ |
| ਮਾਚਿਸ ਦੀਆਂ ਡੱਬੀਆਂ ਅਤੇ ਲਾਈਟਰਾਂ ਨੂੰ ਕਿਸੇ ਸੁਰੱਖਿਅਤ ਜਗ੍ਹਾ ਰੱਖਣਾ | ਹਾਂ | ਨਾਂਹ |
| ਰਸੋਈ ਵਿੱਚ ਖਾਣਾ ਬਣਾਉਂਦਿਆਂ ਸੁਚੇਤ ਰਹਿਣਾ | ਹਾਂ | ਨਾਂਹ |
| ਵੇਖਣਾ ਕਿ ਕਿਤੇ ਬਿਜਲੀ ਦੀਆਂ ਤਾਰਾਂ ਨੂੰ ਨੁਕਸਾਨ ਤਾਂ ਨਹੀਂ ਪਹੁੰਚਿਆ ਹੋਇਆ | ਹਾਂ | ਨਾਂਹ |

| | | |
|---|---|---|
| ਕਮਰੇ ਵਿੱਚੋਂ ਬਾਹਰ ਜਾਣ ਲੱਗਿਆਂ ਮੋਮਬੱਤੀਆਂ ਬੁਝਾ ਜਾਣਾ | ਹਾਂ | ਨਾਂਹ |
| ਇਹ ਗੱਲ ਯਕੀਨੀ ਬਣਾਉਣਾ ਕਿ ਹੀਟਰ ਹਰ ਉਸ ਚੀਜ਼ ਤੋਂ ਪਰ੍ਹੇ ਹੋਣ ਜਿਸਨੂੰ ਅੱਗ ਲੱਗ ਸਕਦੀ ਹੋਵੇ | ਹਾਂ | ਨਾਂਹ |
| ਸਿਗਰਟਾਂ ਸਹੀ ਤਰੀਕੇ ਨਾਲ ਸੁੱਟਣਾ | ਹਾਂ | ਨਾਂਹ |
| ਕੀ ਤੁਹਾਡੇ ਘਰ ਦਾ ਨੰਬਰ ਨਜ਼ਰ ਆਉਂਦਾ ਹੈ | ਹਾਂ | ਨਾਂਹ |
| “ਸੰਪ ਪੰਪ” ਦੇ ਆਲ਼ੇ-ਦੁਆਲ਼ੇ ਜਗ੍ਹਾ ਖਾਲੀ ਰੱਖਣਾ | ਹਾਂ | ਨਾਂਹ |

## ਘਰ ਦੇ ਮੁਫਤ ਮੁਆਇਨੇ ਲਈ ਸਾਡੇ ਨਾਲ ਸੰਪਰਕ ਕਰੋ

ਮਿਲਟਨ ਫਾਇਰ ਐਂਡ ਰੈਸਕਿਊ ਸਰਵਿਸਿਜ਼ (Milton Fire & Rescue Services)

905-878-9251

www.MiltonFire.ca